## ਪਾਠ – 2

## ਆਪਣੇ ਆਪਣੇ ਥਾਂ ਸਾਰੇ ਚੰਗੇ (ਲੇਖਕ- ਸ੍ਰੀਮਤੀ ਅੰਮ੍ਰਿਤਾ ਪ੍ਰੀਤਮ)

### 1. ਪ੍ਰਸ਼ਨ/ਉੱਤਰ

**ਪ੍ਰਸ਼ਨ ੳ. ਰਸੋਈ ਦੀ ਅਲਮਾਰੀ ਦੇ ਲਿਫ਼ਾਫ਼ਿਆਂ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਪਈਆਂ ਸਨ?**

ਉੱਤਰ : ਰਸੋਈ ਦੀ ਅਲਮਾਰੀ ਦੇ ਲਿਫ਼ਾਫ਼ਿਆਂ ਵਿੱਚ ਇਲਾਚੀ, ਸੌਂਫ, ਜਵੈਣ, ਅੰਬਚੂਰ ਤੇ ਅਨਾਰਦਾਣਾ ਪਏ ਸਨ।

**ਪ੍ਰਸ਼ਨ ਅ. ਇਲਾਚੀ ਨੂੰ ਕਿਸ ਗੱਲ ਦਾ ਘੁਮੰਡ ਸੀ?**

ਉੱਤਰ : ਇਲਾਚੀ ਨੂੰ ਆਪਣੀ ਸੁੰਦਰਤਾ, ਗੁਣਾਂ ਅਤੇ ਮਹਿੰਗੀ ਹੋਣ ਦਾ ਘੁਮੰਡ ਸੀ।



ਸੌਂਫ਼

**ਪ੍ਰਸ਼ਨ ੲ. ਸੌਂਫ ਤੇ ਜਵੈਣ ਵਿੱਚ ਕਿਹੜੇ-ਕਿਹੜੇ ਗੁਣ ਸਨ?**

ਉੱਤਰ : ਸੌਂਫ ਤੇ ਜਵੈਣ ਦੀ ਵਰਤੋਂ ਢਿੱਡ-ਪੀੜ ਹਟਾਉਣ ਲਈ ਕੀਤੀ ਜਾਂਦੀ ਹੈ। ਇਹਨਾਂ ਦੀ ਵਰਤੋਂ ਹਕੀਮ ਦਵਾਈਆਂ ਬਣਾਉਣ ਲਈ ਕਰਦੇ ਹਨ।

**ਪ੍ਰਸ਼ਨ ਸ. ਅੰਬਚੂਰ ਕਿਸ ਕੰਮ ਆਉਂਦਾ ਹੈ?**

ਉੱਤਰ : ਅੰਬਚੂਰ ਖੱਟਾ ਹੋਣ ਕਾਰਨ ਖਾਣਾ ਸੁਆਦ ਬਣਾਉਣ ਲਈ ਵਰਤਿਆ ਜਾਂਦਾ ਹੈ।



ਜਵੈਣ

**ਪ੍ਰਸ਼ਨ ਹ. ਅਨਾਰਦਾਣਾ ਕਿਹੜੇ ਦੇਸ ਤੋਂ ਆਇਆ ਸੀ ਅਤੇ ਇਸ ਦੀ ਵਰਤੋਂ ਕਿਸ ਚੀਜ਼ ਵਿੱਚ ਹੁੰਦੀ ਹੈ?**

ਉੱਤਰ : ਅਨਾਰਦਾਣਾ ਦੂਰ-ਦੁਰਾਡੇ ਦੇਸ ਕਸ਼ਮੀਰ ਤੋਂ ਆਇਆ ਸੀ। ਇਸ ਦੀ ਵਰਤੋਂ ਪੂਦਨੇ ਦੀ ਚਟਨੀ ਨੂੰ ਸੁਆਦ ਬਣਾਉਣ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ ਕ. ਪੂਦਨੇ ਦਾ ਇਲਾਚੀ ਅਤੇ ਦੂਜੀਆਂ ਚੀਜ਼ਾਂ ਬਾਰੇ ਕੀ ਵਿਚਾਰ ਸੀ?**

ਉੱਤਰ : ਪੂਦਨੇ ਦਾ ਵਿਚਾਰ ਸੀ ਕਿ ਇਲਾਚੀ ਨੂੰ ਮਹਿੰਗੀ ਹੋਣ ਕਰਕੇ ਘੁਮੰਡ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਦੂਜਿਆਂ ਨੂੰ ਨਫ਼ਰਤ ਕਰਨੀ ਚਾਹੀਦੀ ਹੈ, ਕਿਉਂਕਿ ਸਾਰੀਆਂ ਚੀਜ਼ਾਂ ਵਿੱਚ ਆਪਣੇ-ਆਪਣੇ ਗੁਣ ਹੁੰਦੇ ਹਨ।



ਅੰਬਚੂਰ

**ਪ੍ਰਸ਼ਨ ਖ. ਪੂਦਨੇ ਨੇ ਕੀ ਗੱਲ ਕੀਤੀ ਸੀ ਅਤੇ ਪੂਦਨੇ ਦੀ ਗੱਲ ਸੁਣ ਕੇ ਸਾਰਿਆਂ ਨੇ ਕੀ ਵਚਨ ਦਿੱਤਾ?**

ਉੱਤਰ : ਪੂਦਨੇ ਨੇ ਕਿਹਾ ਕਿ ਸਾਨੂੰ ਇੱਕ-ਦੂਜੇ ਨਾ਼ਲ ਨਫ਼ਰਤ ਨਹੀਂ ਕਰਨੀ ਚਾਹੀਦੀ, ਕਿਉਂਕਿ ਹਰੇਕ ਵਿੱਚ ਆਪਣੇ-ਆਪਣੇ ਗੁਣ ਹੁੰਦੇ ਹਨ। ਇਹ ਸੁਣ ਕੇ ਸਾਰਿਆਂ ਮਿਲ਼ ਕੇ ਰਹਿਣ ਤੇ ਇੱਕ-ਦੂਜੇ ਦੇ ਅਸਲ ਸਾਥੀ ਬਣਨ ਦਾ ਵਚਨ ਦਿੱਤਾ।



ਇਲਾਚੀ

### 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

1. **ਰਸੋਈ** (ਖਾਣਾ ਪਕਾਉਣ ਦਾ ਕਮਰਾ)- ਸਾਡੇ ਘਰ ਇੱਕ ਰਸੋਈ ਹੈ।
2. **ਅਲਮਾਰੀ** (ਸਮਾਨ ਰੱਖਣ ਦੇ ਖ਼ਾਨੇ ਜਿਨ੍ਹਾਂ ਅੱਗੇ ਦਰਵਾਜਾ ਲੱਗਾ ਹੋਵੇ)- ਮਾਤਾ ਜੀ ਨੇ ਕੱਪੜੇ ਅਲਮਾਰੀ ਵਿੱਚ ਰੱਖ ਦਿੱਤੇ।
3. **ਮਠਿਆਈ** (ਮਿੱਠੇ ਵਾ਼ਲਾ ਪਕਵਾਨ)- ਮੈਨੂੰ ਮਠਿਆਈ ਬਹੁਤ ਸੁਆਦ ਲੱਗਦੀ ਹੈ।
4. **ਸ਼ਰਬਤ** (ਮਿੱਠਾ ਪਾਣੀ)- ਮੈਂ ਛਬੀਲ ਤੋਂ ਸ਼ਰਬਤ ਪੀਤੀ।
5. **ਅਸਮਾਨ** (ਅਕਾਸ਼)- ਅਸਮਾਨ ਵਿੱਚ ਬੱਦਲ ਗਰਜ਼ ਰਹੇ ਹਨ।



ਅਨਾਰਦਾਣਾ

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਬੇਲੀ | : | ਮਿੱਤਰ |
| ਉੱਤਮ | : | ਵਧੀਆ |
| ਵਚਨ | : | ਵਾਇਦਾ, ਇਕਰਾਰ, ਕੌਲ, ਪ੍ਰਣ |
| ਇਤਬਾਰ | : | ਯਕੀਨ, ਭਰੋਸਾ, ਵਿਸ਼ਵਾਸ |
| ਇਨਸਾਫ਼ | : | ਨਿਆਂ, ਸੱਚ-ਝੂਠ ਦਾ ਨਿਤਾਰਾ |
| ਵੈਦ-ਹਕੀਮ | : | ਦੇਸੀ ਦਵਾਈਆਂ ਰਾਂਹੀ ਇਲਾਜ ਕਰਨ ਵਾ਼ਲਾ ਆਦਮੀ |
| ਪੂਦਨਾ | : | ਪੁਦੀਨਾ |

### 4. ਸਹੀ/ ਗ਼ਲਤ ਚੁਣੋ :

1. ਸ਼ਾਮ ਵੇਲ਼ੇ ਇਲਾਚੀ ਨੂੰ ਬੜੀ ਗਰਮੀ ਲੱਗੀ। **(ਗ਼ਲਤ)**
2. ਪੂਦਨੇ ਨੂੰ ਢੱਕਣ ਬੜਾ ਠੰਡਾ ਲੱਗਾ। **(ਗ਼ਲਤ)**
3. ਸੌਂਫ ਤੇ ਜਵੈਣ ਇਕੱਠੀਆਂ ਬੈਠੀਆਂ ਸਨ। **(ਠੀਕ)**

## 5. ਵਿਆਕਰਨ :

**ਰਸੋਈ** ਦੀ **ਅਲਮਾਰੀ** ਵਿੱਚ **ਇਲਾਚੀ, ਸੌਂਫ, ਜਵੈਣ, ਅੰਬਚੂਰ** ਅਤੇ **ਅਨਾਰਦਾਣਾ** ਵੱਖ-ਵੱਖ **ਲਿਫ਼ਾਫ਼ਿਆਂ** ਅੰਦਰ ਬੈਠੇ ਰਹਿੰਦੇ ਸਨ।

**ਨਾਂਵ –** ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਾਤ, ਗੁਣ, ਭਾਵ ਆਦਿ ਲਈ ਵਰਤੇ ਜਾਂਦੇ ਸ਼ਬਦਾ ਨੂੰ ਨਾਂਵ ਕਿਹਾ ਜਾਂਦਾ ਹੈ; ਜਿਵੇ- ਰਸੋਈ, ਇਲਾਚੀ, ਅੰਬਚੂਰ ਆਦਿ।

ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :

1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ
2. ਖ਼ਾਸ ਨਾਂਵ
3. ਇਕੱਠਵਾਚਕ ਨਾਂਵ
4. ਭਾਵਵਾਚਕ ਨਾਂਵ
5. ਪਦਾਰਥਵਾਚਕ ਨਾਂਵ